# ਕੈਨੇਡੀਅਨਾਂ ਵਾਸਤੇ ਸੁਰੱਖਿਅਤ ਭੋਜਨ ਬਾਰੇ ਅਧਿਨਿਯਮ: ਛੋਟੇ ਕਾਰੋਬਾਰਾਂ ਨੂੰ ਕੀ ਜਾਣਨ ਦੀ ਲੋੜ ਹੈ



'ਕੈਨੇਡੀਅਨਾਂ ਵਾਸਤੇ ਸੁਰੱਖਿਅਤ ਭੋਜਨ ਅਧਿਨਿਯਮ' (The Safe Food for Canadians Regulations - SFCR) ਹੁਣ ਲਾਗੂ ਹੋ ਗਏ ਹਨ। ਇਹ ਅਧਿਨਿਯਮ ਉਹਨਾਂ ਕਾਰੋਬਾਰਾਂ ਵਾਸਤੇ ਆਧੁਨਿਕ ਭੋਜਨ ਸੁਰੱਖਿਆ ਲੋੜਾਂ ਲੈਕੇ ਆਏ ਹਨ ਜੋ **ਭੋਜਨ ਨੂੰ ਆਯਾਤ** ਕਰਦੇ ਹਨ ਜਾਂ ਜੋ **ਨਿਰਯਾਤ ਜਾਂ ਅੰਤਰਰਾਜੀ ਵਣਜ ਵਾਸਤੇ ਕੈਨੇਡਾ ਵਿੱਚ ਭੋਜਨ ਤਿਆਰ ਕਰਦੇ ਹਨ।**

## ਛੋਟੇ ਕਾਰੋਬਾਰਾਂ ਨੂੰ ਕੀ ਕਰਨ ਦੀ ਲੋੜ ਹੈ

☑ inspection.gc.ca/SafeFood 'ਤੇ ਜਾਓ ਅਤੇ ਨਿਮਨਲਿਖਤ ਬਾਰੇ ਪਤਾ ਕਰਨ ਲਈ **ਭੋਜਨ ਕਾਰੋਬਾਰਾਂ ਵਾਸਤੇ ਟੂਲਕਿੱਟ** ਦੀ ਵਰਤੋਂ ਕਰੋ:

- ਕੀ ਤੁਹਾਨੂੰ "ਕੈਨੇਡੀਅਨਾਂ ਵਾਸਤੇ ਸੁਰੱਖਿਅਤ ਭੋਜਨ" (Safe Food for Canadians) ਲਾਇਸੰਸ ਦੀ ਲੋੜ ਹੈ
- ਨਵੀਆਂ ਲੋੜਾਂ ਤੁਹਾਡੇ 'ਤੇ ਕਦੋਂ ਲਾਗੂ ਹੁੰਦੀਆਂ ਹਨ – ਹੋ ਸਕਦਾ ਹੈ ਕੁਝ ਛੋਟੇ ਕਾਰੋਬਾਰਾਂ ਕੋਲ ਕੁਝ ਵਿਸ਼ੇਸ਼ ਲੋੜਾਂ ਦੀ ਪੂਰਤੀ ਕਰਨ ਲਈ ਵਧੇਰੇ ਸਮਾਂ ਹੋਵੇ

☑ ਯਕੀਨੀ ਬਣਾਓ ਕਿ ਲਾਇਸੰਸ ਵਾਸਤੇ ਅਰਜ਼ੀ ਦੇਣ ਤੋਂ ਪਹਿਲਾਂ ਤੁਹਾਡੇ ਕੋਲ ਨਿਮਨਲਿਖਤ ਚੀਜ਼ਾਂ ਹੋਣ:

- ਰੋਕਥਾਮਕਾਰੀ ਕੰਟਰੋਲ ਜਿਵੇਂ ਕਿ ਸਵੱਛਤਾ ਅਤੇ ਕੀੜੇ-ਮਕੌੜੇ ਕੰਟਰੋਲ ਕਰਨ ਦੇ ਉਪਾਅ, ਅਤੇ ਕੁਝ ਮਾਮਲਿਆਂ ਵਿੱਚ ਇੱਕ ਦਸਤਾਵੇਜ਼ਬੱਧ ਰੋਕਥਾਮਕਾਰੀ ਕੰਟਰੋਲ ਯੋਜਨਾ (preventive control plan - PCP) ਜੋ ਤੁਹਾਡੇ ਭੋਜਨ ਨੂੰ ਦਰਪੇਸ਼ ਜੋਖ਼ਮਾਂ ਅਤੇ ਇਹਨਾਂ ਜੋਖ਼ਮਾਂ ਨੂੰ ਕੰਟਰੋਲ ਕਰਨ ਲਈ ਤੁਹਾਡੇ ਵੱਲੋਂ ਕੀਤੇ ਜਾਂਦੇ ਉਪਾਵਾਂ ਦੇ ਵੇਰਵੇ ਦੱਸਦੀ ਹੈ
- ਨਿਗਰਾਨੀਯੋਗਤਾ ਦੇ ਰਿਕਾਰਡ ਜੋ ਸਪਲਾਈ ਲੜੀ ਵਿੱਚ ਤੁਹਾਡੇ ਉਤਪਾਦਾਂ ਉੱਤੇ ਇੱਕ ਕਦਮ ਅੱਗੇ ਅਤੇ ਇੱਕ ਕਦਮ ਪਿੱਛੇ ਤੱਕ ਨਜ਼ਰ ਰੱਖਦੇ ਹਨ

☑ ਇੱਕ "My CFIA" ਖਾਤਾ ਬਣਾਓ ਅਤੇ ਔਨਲਾਈਨ **inspection.gc.ca/MyCFIA** 'ਤੇ ਜਾਕੇ ਲਾਇਸੰਸ ਵਾਸਤੇ ਅਰਜ਼ੀ ਦਿਓ।

**ਕੋਈ ਸਵਾਲ ਪੁੱਛਣੇ ਹਨ?** ਸਾਨੂੰ 1-800-442-2342 'ਤੇ ਕਾਲ ਕਰੋ ਜਾਂ ਫਿਰ ਦੇਖੋ **inspection.gc.ca/ContactUs.**

CFIA P1018E-19

STAY CONNECTED

### ਛੋਟੇ ਕਾਰੋਬਾਰਾਂ ਵਾਸਤੇ ਸਹਾਇਤਾ

'ਕੈਨੇਡੀਅਨਾਂ ਵਾਸਤੇ ਸੁਰੱਖਿਅਤ ਭੋਜਨ' ਅਧਿਨਿਯਮਾਂ ਬਾਰੇ ਵਧੇਰੇ ਜਾਣਕਾਰੀ, ਸਾਧਨਾਂ ਅਤੇ ਸਰੋਤਾਂ ਵਾਸਤੇ **inspection.gc.ca/SafeFood** ਦੇਖੋ।